The Khalsa Academy Wolverhampton

**Principal:** Mr S Shoker
Millfields Road, Ettingshall, Wolverhampton
West Midlands, WV4 6JP
**tel:** 01902 925390 **email:** info@tkaw.org

**ਸਤਿਕਾਰਯੋਗ ਮਾਪਿਓ ਅਤੇ ਬੱਚਿਆਂ ਦੀ ਦੇਖਭਾਲ ਕਰਨ ਵਾਲਿਓ,**

## ਸਕੂਲ ਦੇ ਨਿਯਮ, ਮੋਬਾਈਲ ਫੋਨ, ਹਾਜ਼ਰੀ ਅਤੇ ਬੱਚਿਆਂ ਦੀ ਸੁਰੱਖਿਆ

ਨਵੇਂ ਸਕੂਲੀ ਸਾਲ ਦੀ ਸ਼ੁਰੂਆਤ 'ਤੇ ਅਸੀਂ ਤੁਹਾਨੂੰ ਸਕੂਲ ਦੇ ਜ਼ਰੂਰੀ ਨਿਯਮ ਯਾਦ ਕਰਵਾਉਣਾ ਚਾਹੁੰਦੇ ਹਾਂ। ਕਿਰਪਾ ਕਰਕੇ ਇਹ ਨਿਯਮ ਆਪਣੇ ਬੱਚੇ ਨੂੰ ਸਮਝਾਓ ਅਤੇ ਇਨ੍ਹਾਂ ਦੀ ਪਾਲਣਾ ਕਰਨ ਵਿੱਚ ਉਸਦੀ ਮਦਦ ਕਰੋ।

ਅਸੀਂ ਚਾਹੁੰਦੇ ਹਾਂ ਕਿ ਹਰ ਬੱਚਾ ਸਕੂਲ ਵਿੱਚ ਸੁਰੱਖਿਅਤ ਮਹਿਸੂਸ ਕਰੇ ਅਤੇ ਸ਼ਾਂਤੀ ਨਾਲ ਪੜ੍ਹ ਸਕੇ। ਸਾਡੇ ਸਕੂਲ ਦੇ ਮੁੱਲ ਸਾਨੂੰ ਇੱਕ-ਦੂਜੇ ਨਾਲ ਪਿਆਰ ਅਤੇ ਇੱਜ਼ਤ ਨਾਲ ਪੇਸ਼ ਆਉਣਾ ਸਿਖਾਉਂਦੇ ਹਨ।

### ਰੋਜ਼ਾਨਾ ਦੇ ਨਿਯਮ

ਬੱਚਿਆਂ ਤੋਂ ਉਮੀਦ ਹੈ ਕਿ ਉਹ:

- ਹਰ ਰੋਜ਼ ਸਮੇਂ ਸਿਰ ਸਕੂਲ ਆਉਣ।
- ਸਹੀ ਵਰਦੀ ਪਾਉਣ ਅਤੇ ਪੜ੍ਹਾਈ ਦਾ ਲੋੜੀਂਦਾ ਸਮਾਨ ਲਿਆਉਣ।
- ਅਧਿਆਪਕਾਂ ਅਤੇ ਸਟਾਫ਼ ਦੀਆਂ ਸਹੀ ਤੇ ਵਾਜਬ ਹਦਾਇਤਾਂ ਮੰਨਣ।
- ਧਿਆਨ ਨਾਲ ਪੜ੍ਹਨ ਅਤੇ ਦੂਜਿਆਂ ਦੀ ਪੜ੍ਹਾਈ ਵਿੱਚ ਰੁਕਾਵਟ ਨਾ ਪਾਉਣ।
- ਸਕੂਲ ਵਿੱਚ ਆਰਾਮ ਨਾਲ ਚੱਲਣ ਅਤੇ ਨਿਯਮ ਮੰਨਣ।
- ਸਭ ਨਾਲ ਚੰਗਾ ਵਰਤਾਓ ਕਰਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਵੀ।
- **ਚਿਊਇੰਗ ਗਮ ਅਤੇ ਐਨਰਜੀ ਡ੍ਰਿੰਕ ਸਕੂਲ ਨਾ ਲਿਆਉਣ।**

ਕਿਸੇ ਨੂੰ ਤੰਗ ਕਰਨਾ, ਡਰਾਉਣਾ, ਮਾਰਨਾ ਜਾਂ ਉਸਦੀ ਜਾਤ, ਧਰਮ ਜਾਂ ਪਛਾਣ ਬਾਰੇ ਮਾੜੇ ਸ਼ਬਦ ਬੋਲਣਾ ਮਨਜ਼ੂਰ ਨਹੀਂ ਹੈ। ਅਜਿਹੀ ਗੱਲ ਸਾਹਮਣੇ ਆਉਣ 'ਤੇ ਸਕੂਲ ਕਾਰਵਾਈ ਕਰੇਗਾ।

### ਮੋਬਾਈਲ ਫੋਨ ਅਤੇ ਸਮਾਰਟਵਾਚ

**ਸਕੂਲ ਦੇ ਸਮੇਂ ਦੌਰਾਨ ਮੋਬਾਈਲ ਫੋਨ ਵਰਤਣ ਦੀ ਇਜਾਜ਼ਤ ਨਹੀਂ ਹੈ।** ਇਸ ਨਾਲ ਬੱਚੇ ਪੜ੍ਹਾਈ ਵੱਲ ਧਿਆਨ ਦੇ ਸਕਦੇ ਹਨ ਅਤੇ ਇੱਕ-ਦੂਜੇ ਨਾਲ ਸਮਾਂ ਬਿਤਾ ਸਕਦੇ ਹਨ।

- **ਗੇਟ ਅੰਦਰ ਆਉਣ ਤੋਂ ਪਹਿਲਾਂ ਫੋਨ ਪੂਰੀ ਤਰ੍ਹਾਂ ਬੰਦ ਕਰਕੇ ਬੈਗ ਵਿੱਚ ਰੱਖੋ।**
- ਫੋਨ ਸਾਰਾ ਦਿਨ ਬੰਦ ਅਤੇ ਬੈਗ ਵਿੱਚ ਹੀ ਰਹੇ। ਇਹ ਨਿਯਮ ਬ੍ਰੇਕ ਅਤੇ ਦੁਪਹਿਰ ਦੇ ਖਾਣੇ ਸਮੇਂ ਵੀ ਲਾਗੂ ਹੈ।
- ਫੋਨ ਸਕੂਲ ਦੇ ਗੇਟ ਤੋਂ ਬਾਹਰ ਜਾਣ ਤੋਂ ਬਾਅਦ ਹੀ ਕੱਢੋ।
- **ਸਿਰਫ਼ ਆਵਾਜ਼ ਬੰਦ ਕਰਨਾ ਜਾਂ Silent Mode ਲਾਉਣਾ ਕਾਫ਼ੀ ਨਹੀਂ ਹੈ।**
- ਸਮਾਰਟਵਾਚ ਜਾਂ ਹੋਰ ਅਜਿਹੇ ਯੰਤਰਾਂ ਨਾਲ ਸੁਨੇਹੇ ਭੇਜਣ, ਸੋਸ਼ਲ ਮੀਡੀਆ ਵਰਤਣ, ਫੋਟੋਆਂ ਖਿੱਚਣ ਜਾਂ ਰਿਕਾਰਡਿੰਗ ਕਰਨ ਦੀ ਇਜਾਜ਼ਤ ਨਹੀਂ ਹੈ।

ਨਿਯਮ ਤੋੜਨ 'ਤੇ ਆਮ ਤੌਰ 'ਤੇ ਫੋਨ ਲੈ ਕੇ ਸਕੂਲ ਦੇ ਦਫ਼ਤਰ ਵਿੱਚ ਸੁਰੱਖਿਅਤ ਰੱਖਿਆ ਜਾਵੇਗਾ। ਬੱਚੇ ਨੂੰ **60 ਮਿੰਟ ਦੀ ਡਿਟੈਨਸ਼ਨ** ਦਿੱਤੀ ਜਾਵੇਗੀ ਅਤੇ ਮਾਪਿਆਂ ਨੂੰ ਦੱਸਿਆ ਜਾਵੇਗਾ। ਡਿਟੈਨਸ਼ਨ ਦਾ ਮਤਲਬ ਹੈ ਨਿਯਮ

ਤੋੜਨ ਕਰਕੇ ਨਿਗਰਾਨੀ ਹੇਠ ਵਾਧੂ ਸਮੇਂ ਲਈ ਬਿਠਾਉਣਾ। ਇਹ ਪੂਰੀ ਹੋਣ ਤੋਂ ਬਾਅਦ ਫੋਨ ਵਾਪਸ ਕੀਤਾ ਜਾਵੇਗਾ। ਬੱਚੇ ਦੇ ਖਾਸ ਹਾਲਾਤ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ।

ਜੇ ਬੱਚੇ ਨੂੰ ਬਿਮਾਰੀ, ਅਪਾਹਜਤਾ ਜਾਂ ਕਿਸੇ ਹੋਰ ਖਾਸ ਲੋੜ ਕਰਕੇ ਫੋਨ ਵਰਤਣਾ ਪੈਂਦਾ ਹੈ, ਤਾਂ ਸਕੂਲ ਨਾਲ ਗੱਲ ਕਰਕੇ ਪ੍ਰਬੰਧ ਕਰਵਾਓ।

**ਸਕੂਲ ਦੇ ਸਮੇਂ ਬੱਚੇ ਨਾਲ ਗੱਲ ਕਰਨ ਲਈ ਸਕੂਲ ਦੇ ਦਫ਼ਤਰ (Reception) ਨਾਲ ਸੰਪਰਕ ਕਰੋ।** ਜੇ ਬੱਚੇ ਨੂੰ ਘਰ ਗੱਲ ਕਰਨੀ ਹੋਵੇ, ਤਾਂ ਉਹ ਸਟਾਫ਼ ਨੂੰ ਦੱਸੇ।

**ਹਾਜ਼ਰੀ, ਸਮੇਂ ਸਿਰ ਆਉਣਾ ਅਤੇ Golden Hour**

**ਗੇਟ ਸਵੇਰੇ 8:15 ਵਜੇ ਖੁੱਲ੍ਹਦੇ ਹਨ ਅਤੇ ਠੀਕ 8:30 ਵਜੇ ਬੰਦ ਹੋ ਜਾਂਦੇ ਹਨ।** ਬੱਚੇ ਸਮੇਂ ਸਿਰ ਪਹੁੰਚਣ ਤਾਂ ਜੋ ਦਿਨ ਸ਼ੁਰੂ ਕਰਨ ਲਈ ਤਿਆਰ ਹੋਣ।

ਸਾਡੇ **Golden Hour** ਦਾ ਮਕਸਦ ਬੱਚਿਆਂ ਦੇ ਦਿਨ ਦੀ ਚੰਗੀ ਅਤੇ ਸ਼ਾਂਤ ਸ਼ੁਰੂਆਤ ਕਰਨਾ ਹੈ। ਸਟਾਫ਼ ਬੱਚਿਆਂ ਦਾ ਸਵਾਗਤ ਕਰਦਾ ਹੈ ਅਤੇ ਉਨ੍ਹਾਂ ਨੂੰ ਪੜ੍ਹਾਈ ਲਈ ਤਿਆਰ ਹੋਣ ਵਿੱਚ ਮਦਦ ਕਰਦਾ ਹੈ।

ਰੋਜ਼ਾਨਾ ਸਮੇਂ ਸਿਰ ਆਉਣਾ ਬਹੁਤ ਜ਼ਰੂਰੀ ਹੈ। ਦੇਰ ਨਾਲ ਆਉਣ ਕਰਕੇ ਬੱਚੇ ਦੀ ਪੜ੍ਹਾਈ ਛੁੱਟਦੀ ਹੈ। ਦੇਰ ਨਾਲ ਆਉਣ ’ਤੇ ਸਕੂਲ ਦੇ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ, ਪਰ ਬੱਚੇ ਦੇ ਹਾਲਾਤ ਵੀ ਦੇਖੇ ਜਾਣਗੇ।

ਜੇ ਬੱਚਾ ਸਕੂਲ ਨਹੀਂ ਆ ਸਕਦਾ, ਤਾਂ ਸਕੂਲ ਨੂੰ ਜਲਦੀ ਦੱਸੋ। ਹਾਜ਼ਰੀ ਜਾਂ ਸਮੇਂ ਸਿਰ ਆਉਣ ਵਿੱਚ ਕੋਈ ਮੁਸ਼ਕਲ ਹੋਵੇ, ਤਾਂ ਹਾਜ਼ਰੀ ਵਾਲੀ ਟੀਮ (Attendance Team) ਨਾਲ ਗੱਲ ਕਰੋ।

**ਈ-ਸਕੂਟਰ ਅਤੇ ਸੜਕ ਸੁਰੱਖਿਆ**

**ਤੁਹਾਡੇ ਬੱਚੇ ਅਤੇ ਸੜਕ ’ਤੇ ਹੋਰ ਲੋਕਾਂ ਦੀ ਸੁਰੱਖਿਆ ਸਾਡੇ ਲਈ ਸਭ ਤੋਂ ਜ਼ਰੂਰੀ ਹੈ।**

**ਈ-ਸਕੂਟਰ ਸਕੂਲ ਅੰਦਰ ਲਿਆਉਣ ਦੀ ਮਨਾਹੀ ਹੈ। ਇਨ੍ਹਾਂ ਨੂੰ ਧੱਕ ਕੇ ਜਾਂ ਚੁੱਕ ਕੇ ਵੀ ਅੰਦਰ ਨਹੀਂ ਲਿਆ ਸਕਦੇ।** ਇਹ ਮਹਿੰਗੇ ਹੁੰਦੇ ਹਨ ਅਤੇ ਇਨ੍ਹਾਂ ਦੇ ਗੁੰਮ

**ਆਪ ਜੀ ਦੇ ਵਿਸ਼ਵਾਸਪਾਤਰ,**

**Mr A. Sidhu ਅਤੇ Mr J. Sangha**